International Journal of Multidisciplinary Trends

E-ISSN: 2709-9369
P-ISSN: 2709-9350
www.multisubjectjournal.com
IJMT 2025; 7(8): 82-84
Received: 10-06-2025
Accepted: 12-07-2025

**ਡਾ. ਅਨੀਤਾ ਰਾਣੀ**
ਚੇਅਰ ਫੈਲੋ (ਸੰਤ ਬਾਬਾ ਮਲਕੀਤ ਸਿੰਘ ਯਾਦਗਾਰੀ ਚੇਅਰ)/ਸਹਾਇਕ ਪ੍ਰੋਫ਼ੈਸਰ (ਪੰਜਾਬੀ) ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ, ਪੰਜਾਬ, ਭਾਰਤ

**Corresponding Author:**
**ਡਾ. ਅਨੀਤਾ ਰਾਣੀ**
ਚੇਅਰ ਫੈਲੋ (ਸੰਤ ਬਾਬਾ ਮਲਕੀਤ ਸਿੰਘ ਯਾਦਗਾਰੀ ਚੇਅਰ)/ਸਹਾਇਕ ਪ੍ਰੋਫ਼ੈਸਰ (ਪੰਜਾਬੀ) ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ, ਪੰਜਾਬ, ਭਾਰਤ

# ਨਿਰਮਲ ਸੰਪਰਦਾ: ਸਿਧਾਂਤ ਅਤੇ ਅਨੁਸ਼ਾਸਨ

**ਡਾ. ਅਨੀਤਾ ਰਾਣੀ**

## ਮੁਖਬੰਧ

**ੳ) ਜਾਣ-ਪਛਾਣ:** ਨਿਰਮਲ ਸੰਪ੍ਰਦਾਇ ਸਿੱਖ ਧਰਮ ਅਤੇ ਸਿੱਖ ਸਮਾਜ ਦਾ ਇਕ ਅਜਿਹਾ ਮਿਸ਼ਨਰੀ ਅੰਗ ਹੈ, ਜੋ ਸੰਪ੍ਰਦਾਇਕ ਵਿਦਿਆ ਦੀ ਪ੍ਰਬੀਨਤਾ ਲਈ ਪ੍ਰਸਿੱਧ ਹੈ।ਨਿਰਮਲ ਸੰਪਰਦਾ, ਜਿਸਨੂੰ ‘ਨਿਰਮਲੇ’, ‘ਸੰਪਰਦਾਈ ਸਿੰਘ’ ਜਾਂ ‘ਗਿਆਨੀ ਸੰਪਰਦਾ’ ਵੀ ਆਖਿਆ ਜਾਂਦਾ ਹੈ, ਇੱਕ ਪ੍ਰਾਚੀਨ ਅਤੇ ਪ੍ਰਮੁੱਖ ਸਿੱਖ ਸੰਪਰਦਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਆਰੰਭ ਹੋਈ।ਭਾਵੇਂ ਨਿਰਮਲੇ ਮਹਾਂਪੁਰਸ਼ ਜਾਂ ਇਤਿਹਾਸਕਾਰ ਨਿਰਮਲ ਸੰਪ੍ਰਦਾਇ ਦਾ ਆਗਾਜ਼ ਸ਼੍ਰੀ ਗੁਰੁ ਨਾਨਕ ਦੇਵ ਜੀ ਤੋਂ ਮੰਨਦੇ ਹਨਜਿਸ ਸੰਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ; “ਮਾਰਿਆ ਸਿੱਕਾ ਜਗਤੁ ਵਿਚ ਨਾਨਕ ਨਿਰਮਲ ਪੰਥ ਚਲਾਇਆ”*(ਅਮ੍ਰਿਤ ਕੀਰਤਨ ਗੁਟਕਾ, ਪੰਨਾ 243 ਪੰ.4) ਪਰ ਅਸਲ ਵਿਚ ਨਿਰਮਲੇ ਸੰਪ੍ਰਦਾਇ ਦਾ ਮੁੱਢ ਸ਼੍ਰੀ ਗੁਰੁ ਗੋਬਿੰਦ ਸਿੰਘ ਤੋਂ ਹੀ ਪ੍ਰਵਾਨ ਕੀਤਾ ਜਾਂਦਾ ਹੈ। ਨਿਰਮਲ ਸੰਪਰਦਾ ਸਿੱਖ ਧਰਮ ਦੇ ਆਤਮਿਕ, ਬ੍ਰਹਮ ਗਿਆਨ ਅਤੇ ਗੂੜ੍ਹ ਤੱਤਾਂ ਦੀ ਗਿਆਤਾ ਅਤੇ ਪ੍ਰਚਾਰਕ ਰਹੀ ਹੈ।

ਨਿਰਮਲ ਸੰਪਰਦਾ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਲਹਿਰਾਂ (ਹਿਮਾਚਲ ਪ੍ਰਦੇਸ਼) ਵਿਖੇ ਕੀਤੀ। ਗੁਰੂ ਸਾਹਿਬ ਨੇ ਸੰਨ 1686ਈ. ਨੂੰ ਪਾਉਂਟਾ ਸਹਿਬ ਦੀ ਧਰਤੀ ਤੋਂ ਕੁਝ ਖਾਸ ਪੰਜ ਸਿੱਖ ਵਿਦਵਾਨਾਂ ( ਰਾਮ ਸਿੰਘ ,ਵੀਰ ਸਿੰਘ, ਕਰਮ ਸਿੰਘ, ਗੰਡਾ ਸਿੰਘ ਅਤੇ ਸੋਭਾ ਸਿੰਘ) ਨੂੰ ‘ਕਾਸ਼ੀ (ਵਾਰਾਣਸੀ)’ ਭੇਜਿਆ, ਤਾਂ ਜੋ ਉਹ ਹਿੰਦੂ ਸ਼ਾਸਤ੍ਰਾਂ, ਵੇਦਾਂ, ਉਪਨਿਸ਼ਦਾਂ ਅਤੇ ਸੰਸਕ੍ਰਿਤ ਭਾਸ਼ਾ ਦੀ ਵਿਦਿਆ ਹਾਸਲ ਕਰ ਸਕਣ। ਇਹ ਵਿਦਵਾਨ ਬਾਅਦ ਵਿੱਚ “ਨਿਰਮਲੇ” ਕਹਾਏ ਅਤੇ ਇਹ ਨਿਰਮਲੇ ਸਾਹਿਤਕਾਰਾਂ ਦੀ ਆਧਾਰਸ਼ਿਲਾ ਬਣੇ।ਆਰੰਭਲੇ ਨਿਰਮਲੇ ਵਿਦਵਾਨਾਂ ਨੂੰ ਸੰਸਕ੍ਰਿਤ ਭਾਸ਼ਾ ਵਿਰਸੇ ਵਿਚ ਮਿਲੀ। ਇਹਨਾਂ ਨਿਰਮਲੇ ਸਾਹਿਤਕਾਰਾਂ ਨੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਬ੍ਰਿਜ ਭਾਸ਼ਾ, ਹਿੰਦੀ ਅਤੇ ਗੁਰਮੱਖੀ ਲਿਪੀ ਵਿਚ ਕੀਤੇ। ਇਹ ਸੰਪਰਦਾ ਵਿਆਪਕ ਧਾਰਮਿਕ ਗਿਆਨ, ਵਿਆਖਿਆ ਅਤੇ ਸੰਤ-ਪ੍ਰਚਾਰ ਵੱਲ ਅਧਿਕ ਕੇਂਦਰਿਤ ਰਹੀ।

ਸਿੱਖ ਧਰਮ ਦੇ ਅੰਦਰ ਇੱਕ ਪ੍ਰਮੁੱਖ ਸੰਪਰਦਾ, ਨਿਰਮਲਾ ਸੰਪਰਦਾ, ਦੀਆਂ ਜੜ੍ਹਾਂ 18ਵੀਂ ਸਦੀ ਵਿੱਚ ਹਨ। ਵੇਦਾਂਤਿਕ ਅਤੇ ਸੰਸਕ੍ਰਿਤ ਪਰੰਪਰਾਵਾਂ ਤੋਂ ਪ੍ਰਭਾਵਿਤ ਵਿਦਵਾਨਾਂ ਅਤੇ ਤਪੱਸਵੀਆਂ ਦੁਆਰਾ ਸਥਾਪਿਤ, ਇਹ ਸੰਪਰਦਾ ਸਿੱਖ ਭਾਈਚਾਰੇ ਦੇ ਅੰਦਰ ਇੱਕ ਵੱਖਰੀ ਅਧਿਆਤਮਿਕ ਅਤੇ ਬੌਧਿਕ ਲਹਿਰ ਵਜੋਂ ਉਭਰੀ। ਨਿਰਮਲ ਸੰਪਰਦਾ ਦੇ ਪ੍ਰਚਾਰ ਲਈ ਸਮੇਂ ਸਮੇਂ ‘ਤੇ ਕਈ ਅਖਾੜਿਆਂ (ਵਿਦਿਆ ਕੇਂਦਰ) ਦਾ ਨਿਰਮਾਣ ਕੀਤਾ ਜਾਂਦਾ ਰਿਹਾ, ਜਿਨ੍ਹਾਂ ਵਿਚੋਂ ਪ੍ਰਮੱਖ ਹਨ; 1 ਨਿਰਮਲ ਅਖਾੜਾ, ਹਰਿਦੁਆਰ, 2. ਪਟਨਾ ਸਾਹਿਬ ਵਿਖੇ ਨਿਰਮਲ ਸੰਸਥਾ,3. ਅੰਮ੍ਰਿਤਸਰ, ਬੀਕਾਨੇਰ, ਦਿੱਲੀ ਆਦਿ ਥਾਵਾਂ 'ਤੇ ਨਿਰਮਲ ਕੇਂਦਰ ।

ਮੁੱਖ ਘਟਨਾਵਾਂ ਅਤੇ ਅੰਕੜੇ:

- **18ਵੀਂ ਸਦੀ ਦੇ ਅਖੀਰ ਵਿੱਚ:** ਨਿਰਮਲਾ ਸੰਪਰਦਾ ਰਸਮੀ ਤੌਰ 'ਤੇ ਬਾਬਾ ਨੰਦ ਸਿੰਘ ਅਤੇ ਬਾਬਾ ਆਨੰਦ ਗ਼ਰੀਬ ਵਰਗੇ ਵਿਦਵਾਨਾਂ ਦੁਆਰਾ ਸਥਾਪਿਤ ਕੀਤਾ ਗਿਆ ਸੀ, ਜਿਨ੍ਹਾਂ ਨੇ ਸੰਸਕ੍ਰਿਤ ਅਤੇ ਵੇਦਾਂਤਿਕ ਦਰਸ਼ਨ ਦੇ ਅਧਿਐਨ 'ਤੇ ਜ਼ੋਰ ਦਿੱਤਾ ਸੀ।
- **ਸਿੱਖ ਗੁਰੂਆਂ ਦਾ ਪ੍ਰਭਾਵ:** ਨਿਰਮਲਿਆਂ ਨੇ ਸਿੱਖ ਗੁਰੂਆਂ, ਖਾਸ ਕਰਕੇ ਗੁਰੂ ਗੋਬਿੰਦ ਸਿੰਘ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲਈ ਅਤੇ ਸਿੱਖ ਦਰਸ਼ਨ ਨੂੰ ਵੇਦਾਂਤਿਕ ਵਿਚਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ।
- **ਵਿਦਵਤਾਪੂਰਨ ਖੋਜਾਂ:** ਨਿਰਮਲਾ ਵਿਦਵਾਨ ਸੰਸਕ੍ਰਿਤ, ਵੇਦਾਂਤ ਅਤੇ ਸਿੱਖ ਗ੍ਰੰਥ ਵਿੱਚ ਆਪਣੀ ਮੁਹਾਰਤ ਲਈ ਮਸ਼ਹੂਰ ਸਨ, ਸਿੱਖ ਬੌਧਿਕ ਅਤੇ ਅਧਿਆਤਮਿਕ ਪਰੰਪਰਾਵਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਸਨ।ਨਿਰਮਲਾ ਸੰਪਰਦਾ ਨੇ ਸਿੱਖ ਵਿਚਾਰ, ਸਿੱਖਿਆ ਅਤੇ ਸੱਭਿਆਚਾਰ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਖਾਸ ਕਰਕੇ ਵਿਦਵਤਾ, ਅਧਿਆਤਮਿਕ ਅਨੁਸ਼ਾਸਨ ਅਤੇ ਸ਼ਾਸਤਰੀ ਭਾਸ਼ਾਵਾਂ ਦੇ ਅਧਿਐਨ 'ਤੇ ਜ਼ੋਰ ਦਿੱਤਾ। ਅੱਜ, ਨਿਰਮਲਿਆਂ ਦੀ ਵਿਰਾਸਤ ਸਿੱਖ ਬੌਧਿਕ ਅਤੇ ਅਧਿਆਤਮਿਕ ਕੰਮਾਂ ਨੂੰ ਪ੍ਰਭਾਵਿਤ ਕਰ ਰਹੀ ਹੈ।

**ਅ) ਨਿਰਮਲਾ ਸੰਪਰਦਾ ਦੇ ਸਿਧਾਂਤ:** "ਨਿਰਮਲ ਸੰਪਦਰਾ" ਦਾ ਅਰਥ ਹੈ — ਸ਼ੁੱਧ ਅਤੇ ਉੱਚ ਆਚਰਨ ਵਾਲੀ ਜ਼ਿੰਦਗੀ। ਇਹ ਸਿਧਾਂਤ ਮਨੁੱਖ ਨੂੰ ਆਤਮਿਕ, ਨੈਤਿਕ ਅਤੇ ਆਚਰਣਕ ਪੱਖੋਂ ਉੱਚਾ ਬਣਾਉਣ ਦੀ ਸਿੱਖਿਆ ਦਿੰਦੇ ਹਨ।ਇਸਦੇ ਮੁੱਖ ਸਿਧਾਂਤ ਹੇਠ ਲਿਖੇ ਅਨੁਸਾਰ ਹਨ;

1. **ਮਨ ਦੀ ਨਿਰਮਲਤਾ:** ਵਿਅਕਤੀ ਦਾ ਮਨ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੋਂ ਰਹਿਤ ਹੋਣਾ ਚਾਹੀਦਾ ਹੈ। ਹਰੇਕ ਵਿਅਕਤੀ ਜ਼ਹਿਨੀ ਤੌਰ ‘ਤੇ ਸਦਾ ਚੰਗੀਆਂ ਸੋਚਾਂ ਅਤੇ ਭਾਵਨਾਵਾਂ ਨਾਲ ਭਰਪੂਰ ਹੋਵੇ।
2. **ਬੋਧ ਅਤੇ ਵਿਵੇਕ:** ਹਰੇਕ ਸਿੱਖ ਨੂੰ ਜੀਵਨ ਵਿੱਚ ਸਹੀ ਤੇ ਗਲਤ ਦੀ ਪਹਿਚਾਣ ਹੋਣੀ ਚਾਹੀਦੀ ਹੈ।ਸੰਘਰਸ਼ ਭਰਪੂਰ ਜ਼ਿੰਦਗੀ ਵਿਚ ਹਮੇਸ਼ਾ ਹੀ ਧੀਰਜ ਅਤੇ ਸਹਿਣਸ਼ੀਲਤਾ ਬਣਾਈ ਰੱਖਣੀ ਚਾਹੀਦੀ ਹੈ।
3. **ਉੱਚ ਆਚਰਨ:** ਹਰੇਕ ਸਿੱਖ ਅਤੇ ਨਿਰਮਲੇ ਨੂੰ ਸੱਚਾਈ, ਨਿਮਰਤਾ, ਸੇਵਾ, ਦਯਾ, ਈਮਾਨਦਾਰੀ ਵਰਗੇ ਗੁਣਾਂ ਦੀ ਪਾਲਣਾ ਕਰਦੇ ਹੋਏ ਦੂਸਰੇ ਜੀਵਾਂ ਦੀ ਭਲਾਈ ਵਿੱਚ ਹੀ ਆਪਣੀ ਭਲਾਈ ਸਮਝਣੀ ਚਾਹੀਦੀ ਹੈ।

4. **ਮੋਹ-ਮਾਇਆ ਤੋਂ ਉਦਾਸੀਨਤਾ:** ਨਿਰਮਲੇ ਸਿੱਖਾਂ ਨੂੰ ਭੌਤਿਕ ਲਾਲਸਾਵਾਂ ਤੋਂ ਉਪਰ ਉੱਠ ਕੇ ਆਤਮਿਕ ਜੀਵਨ ਵੱਲ ਧਿਆਨ ਕੇਂਦਰਤ ਰਹਿਣਾ ਚਾਹੀਦਾ ਹੈ।ਜ਼ਿੰਦਗੀ ਵਿਚ ਸੰਤੁਸ਼ਟ ਰਹਿਣਾ ਅਤੇ ਵਾਧੂ ਇੱਛਾਵਾਂ ਤੋਂ ਬਚਣਾ ਉਸਦਾ ਅਹਿਮ ਗੁਣ ਹੋਣਾ ਚਾਹੀਦਾ ਹੈ।
5. **ਸਭ ਵਿਚ ਇਕ ਰੱਬ ਦੀ ਰੂਹ ਦੇਖਣੀ:** ਨਿਰਮਲਿਆਂ ਨੂੰ ਸਭ ਜੀਵਾਂ ਪ੍ਰਤੀ ਪਿਆਰ, ਭਾਈਚਾਰੇ ਅਤੇ ਸਮਾਨਤਾ ਦਾ ਭਾਵ ਰੱਖਣਾ ਚਾਹੀਦਾ ਹੈ। ਵੈਰ-ਵਿਰੋਧ, ਨਫ਼ਰਤ ਤੇ ਭੇਦਭਾਵ ਆਦਿ ਕੁਰੀਤੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਨੇ "ਨਿਰਮਲ ਪੰਥ" ਦੀ ਸਥਾਪਨਾ ਕੀਤੀ ਜੋ ਨਿਰਮਲਤਾ ਅਤੇ ਸਾਫ ਸੁਥਰੇ ਜੀਵਨ ਦੀ ਵਕਾਲਤ ਕਰਦਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵਾਂ 'ਨਿਰਮਲ ਬਾਣੀ' ਤੇ 'ਨਿਰਮਲ ਆਚਰਨ' ਦੀ ਮਹਿਮਾ ਕੀਤੀ ਗਈ ਹੈ।ਨਿਰਮਲ ਸੰਪਦਰਾ ਦੇ ਸਿਧਾਂਤ ਵਿਅਕਤੀ ਨੂੰ ਅੰਦਰੋਂ ਸ਼ੁੱਧ, ਨੈਤਿਕ, ਸਤਕਾਰੀ ਤੇ ਆਤਮਿਕ ਜੀਵਨ ਵੱਲ ਲੈ ਜਾਂਦੇ ਹਨ।ਨਿਰਮਲਾ ਦਾਰਸ਼ਨਿਕ ਸਿਧਾਂਤਾਂ ਦਾ ਵਿਸ਼ਲੇਸ਼ਣ (ਜਿਵੇਂ ਕਿ, ਅਦਵੈਤ ਵੇਦਾਂਤ, ਅਧਿਆਤਮਿਕ ਅਭਿਆਸ), ਪਰਮਾਤਮਾ, ਸਵੈ ਅਤੇ ਅਸਲੀਅਤ ਦੀ ਪ੍ਰਕਿਰਤੀ ਬਾਰੇ ਸੰਪਰਦਾਇ ਦੇ ਵਿਚਾਰਾਂ ਦੀ ਚਰਚਾ,ਹੋਰ ਸਿੱਖ ਪਰੰਪਰਾਵਾਂ ਅਤੇ ਦਰਸ਼ਨਾਂ ਨਾਲ ਤੁਲਨਾ ਆਦਿ ਸਿਧਾਂਤ ਇੱਕ ਚੰਗਾ ਇਨਸਾਨ ਬਣਨ ਦੀ ਦਿਸ਼ਾ ਦੱਸਦੇ ਹਨ ਅਤੇ ਸਮਾਜ ਵਿੱਚ ਸ਼ਾਂਤੀ, ਭਾਈਚਾਰੇ ਅਤੇ ਸਮਰਸਤਾ ਦੀ ਸਥਾਪਨਾ ਕਰਦੇ ਹਨ।

### ੲ) ਨਿਰਮਲ ਸੰਪਰਦਾ ਦੇ ਅਨੁਸ਼ਾਸਨ (Discipline of Nirmal Samprada)

ਨਿਰਮਲ ਸੰਪਰਦਾ ਦੀ ਅਨੁਸ਼ਾਸਨਾਂ (ਜੀਵਨ ਸ਼ੈਲੀ, ਆਚਾਰ-ਵਿਚਾਰ, ਆਤਮਕ ਅਭਿਆਸ ਅਤੇ ਵਿਦਿਆ ਅਧਿਐਨ) ਬਹੁਤ ਹੀ ਸਖਤ, ਸੰਜਮੀ ਅਤੇ ਆਤਮਿਕਤਾ ਤੇ ਕੇਂਦਰਿਤ ਹੈ। ਇਹ ਸੰਪਰਦਾ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਜੋ ਵਿਦਿਆ, ਬ੍ਰਹਮ ਗਿਆਨ, ਸੰਸਕ੍ਰਿਤ ਭਾਸ਼ਾ ਅਤੇ ਗੁਰਮਤ ਦਰਸ਼ਨ ਦੇ ਪ੍ਰਚਾਰ ਲਈ ਸਥਾਪਿਤ ਕੀਤੀ ਗਈ ਸੀ।ਪ੍ਰਮੁੱਖ ਅਨੁਸ਼ਾਸਨ;

- ਨਿਰਮਲਾ ਅਨੁਸ਼ਾਸਨੀ ਅਭਿਆਸਾਂ ਦਾ ਵਰਣਨ (ਜਿਵੇਂ ਕਿ, ਬ੍ਰਹਮਚਾਰੀ, ਸਾਦਗੀ, ਧਿਆਨ)
- ਨਿਰਮਲਾ ਅਧਿਆਤਮਿਕ ਵਿਕਾਸ ਅਤੇ ਸਵੈ-ਬੋਧ ਵਿੱਚ ਅਨੁਸ਼ਾਸਨ ਦੀ ਭੂਮਿਕਾ ਦਾ ਵਿਸ਼ਲੇਸ਼ਣ
- ਧਰਮ ਗ੍ਰੰਥ ਅਧਿਐਨ ਅਤੇ ਵਿਆਖਿਆ ਲਈ ਸੰਪਰਦਾਇ ਦੇ ਪਹੁੰਚ ਦੀ ਚਰਚਾ

### ਨਿਰਮਲ ਸੰਪਰਦਾ ਦੀ ਅਨੁਸ਼ਾਸਨਾ ਦੇ ਮੁੱਖ ਤੱਤ

**1. ਵੈਰਾਗੀ ਜੀਵਨ (Renounced Life)**

- ਨਿਰਮਲ ਸਾਧੂ ਵੈਰਾਗੀ ਹੁੰਦੇ ਹਨ — ਉਹ ਗ੍ਰਹਿਸਥ (ਵਿਆਹ ਆਦਿ) ਜੀਵਨ ਨਹੀਂ ਬਿਤਾਉਂਦੇ।
- ਸੰਯਮਿਤ, ਸਾਧੂਵਾਦੀ ਜੀਵਨ ਜੀਉਂਦੇ ਹਨ — ਭੋਗ-ਵਿਲਾਸ, ਆਡੰਬਰ ਤੋਂ ਦੂਰ ਰਹਿੰਦੇ ਹਨ।

**2. ਵਿਦਿਆ ਅਧਿਐਨ (Scriptural Study)**

- ਸੰਸਕ੍ਰਿਤ, ਬ੍ਰਜ, ਗੁਰਮੁਖੀ ਅਤੇ ਹਿੰਦੀ ਭਾਸ਼ਾਵਾਂ ਦੀ ਵਿਦਿਆ ਹਾਸਲ ਕਰਦੇ ਹਨ।
- ਵੇਦ, ਉਪਨਿਸ਼ਦ, ਭਗਵਦਗੀਤਾ, ਰਾਮਾਇਣ, ਦਸਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਆਦਿ ਦਾ ਅਧਿਐਨ ਕਰਦੇ ਹਨ।
- ਇਹ ਵਿਦਿਆ ਸਿਰਫ ਅਧਿਐਨ ਲਈ ਨਹੀਂ, ਸਗੋਂ *ਗੁਰਮਤ ਵਿਚਾਰਧਾਰਾ* ਨੂੰ ਸਮਝਣ ਤੇ ਸਮਝਾਉਣ ਲਈ ਹੁੰਦੀ ਹੈ।

**3. ਨਿਤਨੇਮ ਤੇ ਭਗਤੀ (Daily Discipline):**

- ਨਿਰਮਲ ਸਾਧੂ ਸਵੇਰੇ ਉੱਠ ਕੇ ਨਿਤਨੇਮ, ਸਿਮਰਨ, ਪਾਠ, ਧਿਆਨ ਕਰਦੇ ਹਨ।
- ਅਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਸਿਰ ਤੇ ਦਸਤਾਰ — ਇਹ ਸਖਤ ਰੂਪ ਵਿੱਚ ਪਾਲਣ ਕਰਦੇ ਹਨ।

**4. ਸਾਧੂ ਸੰਘ ਤੇ ਵਿਹਾਰ**

- ਨਿਰਮਲ ਸੰਤ ਆਮ ਤੌਰ 'ਤੇ 'ਅਖਾੜਿਆਂ' ਜਾਂ 'ਧਾਰਮਿਕ ਕੇਂਦਰਾਂ' ਵਿੱਚ ਰਹਿੰਦੇ ਹਨ।
- ਉਹ ਆਪਸ ਵਿੱਚ ਸੰਤ-ਵਾਤਾਵਰਣ ਵਿੱਚ ਰਹਿੰਦੇ ਹਨ ਅਤੇ 'ਬ੍ਰਹਮਚਰਿਆ' ਦੀ ਪਾਲਣਾ ਕਰਦੇ ਹਨ।

**5. ਪਰਚਾਰ ਤੇ ਸੇਵਾ (Preaching & Service)**

- ਇਹ ਸੰਪਰਦਾ 'ਗੁਰੂ ਮਤਿ', ਆਤਮਿਕ ਗਿਆਨ, ਅਤੇ ਗੁਰਬਾਣੀ ਦੀ ਵਿਆਖਿਆ ਕਰਕੇ ਲੋਕਾਂ ਨੂੰ ਗਿਆਨ ਦੇਣ ਦਾ
- ਕੰਮ ਕਰਦੀ ਹੈ।
- ਨਿਰਮਲ ਸੰਤ 'ਪ੍ਰਵਚਨ', 'ਗਿਆਨ ਚਰਚਾ', ਅਤੇ 'ਧਾਰਮਿਕ ਕਲਾਸਾਂ' ਰਾਹੀਂ ਜਨਸਮੂਹ ਨਾਲ ਜੁੜਦੇ ਹਨ।

**6. ਅਹੰਕਾਰ ਰਹਿਤ ਤੇ ਨਿਰਲੋਭ ਜੀਵਨ**

* ਨਿਰਮਲ ਸੰਤ 'ਦਨ-ਦੌਲਤ,' 'ਪਦਵੀ' ਜਾਂ 'ਮਾਨ-ਸਨਮਾਨ' ਦੀ ਇੱਛਾ ਨਹੀਂ ਰੱਖਦੇ।

### ਨਿਰਮਲ ਅਨੁਸ਼ਾਸਨਾਂ ਦੇ ਕੇਂਦਰੀ ਨਿਯਮ (Key Rules)

| ਨਿਯਮ | ਵਰਣਨ |
|---|---|
| ਬ੍ਰਹਮਚਰਿਆ | ਸ਼ੁੱਧ, ਪਵਿੱਤਰ ਜੀਵਨ |
| ਸੰਯਮ | ਭੋਜਨ, ਨਿੰਦਰਾ, ਬੋਲ ਚਾਲ 'ਚ ਸੰਯਮ |
| ਨਿਤਨੇਮ | ਗੁਰਬਾਣੀ ਦੇ ਨਿਯਮਤ ਪਾਠ |
| ਵਿਦਿਆ | ਸੰਸਕ੍ਰਿਤ, ਗੁਰਮਤ, ਵੈਦਿਕ ਤੇ ਆਤਮਕ ਗਿਆਨ |
| ਵੈਰਾਗ | ਸੰਸਾਰਿਕ ਮੋਹ ਤੋਂ ਮੁਕਤੀ |
| ਦਇਆ ਤੇ ਪ੍ਰੇਮ | ਸਭ ਜੀਵਾਂ ਨਾਲ ਕਰੁਣਾ ਤੇ ਸਾਂਝ |

### ਸਿੱਖ ਧਰਮ ਵਿੱਚ ਨਿਰਮਲ ਸੰਪਰਦਾ ਦਾ ਯੋਗਦਾਨ

ਨਿਰਮਲ ਸੰਪਰਦਾ ਨੇ ਸਮੇਂ ਸਮੇਂ 'ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾਈ ਹੈ ਇਸੇ ਲਈ ਨਿਰਮਲ ਸੰਪਰਦਾ ਦਾ ਸਿੱਖ ਧਰਮ ਵਿਚ ਵਿਲੱਖਣ ਸਥਾਨ ਹੈ।੧੮ਵੀਂ ਸਦੀ ਵਿਚ ਜਦੋਂ ਸਿੱਖਾਂ ਦੇ ਤਿਰਾਂ ਦੇ ਮੁ੧ਲ ਪਾਏ ਜਾਂਦੇ ਸਨ ਅਤੇ ਸਿੱਖਾਂ ਨੂੰ ਆਪਣੀ ਜਾਨ ਬਚਾਤੁਣ ਲਈ ਜੰਗਲਾਂ ਪਹਾੜਾਂ ਵਚ ਸ਼ਰਨ ਲੈਣੀ ਪੈਂਦੀ ਸੀ, ਉਸ ਸਮੇਂ ਨਿਰਮਲੇ ਸੰਤਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਦੂਰ ਦੂਰ ਲਿਜਾ ਕੇ ਗੁਰੂ ਨਾਨਕ ਮਿਸ਼ਨ ਦਏ ਪ੍ਰਚਾਰ ਅਤੇ ਪ੍ਰਸਾਰ ਕੀਤਾ। ਆਪਣੇ ਇਸ ਕਾਰਜ ਨੂੰ ਸਫ਼ਲ ਬਣਾਉਣ ਲਈ ਉਹਨਾਂ ਨੇ ਕਈ ਬਹੁਪੱਖੀ ਯੋਜਨਾਵਾਂ ਉਲੀਕੀਆਂ ਜਿਵੇ;

- ਵਿੱਦਿਆ ਕੇਂਦਰਾਂ ਦੀ ਸਥਾਪਨਾ
- ਗ੍ਰੰਥਾਂ ਦੀ ਰਚਨਾ
- ਭਾਰਤ ਵਿਚ ਵੱਖ-ਵੱਖ ਤੀਰਥ ਸਥਾਨਾਂ ਥੇ ਡੇਰਿਆਂ ਦੀ ਸਥਾਪਤੀ
- ਮੰਡਲੀਆਂ ਦੁਆਂਰਾ ਪ੍ਰਚਾਰ
- ਇਤਿਹਾਸਕ ਗੁਰੂ ਸਥਾਨਾਂ ਦੀ ਸੇਵਾ
- ਸ਼ਾਸਤਤਰਥ ਦੁਆਰਾ ਪ੍ਰਚਾਰ
- ਆਦਰਸ਼ਮਈ ਜੀਵਨ ਦੁਆਰਾ ਪ੍ਰਚਾਰ
- ਰੋਗ ਨਿਵਾਰਨ ਦੁਆਰਾ ਪ੍ਰਚਾਰ

### ਨਿਰਮਲ ਸੰਪਰਦਾ ਦੀਆਂ ਵਿਸ਼ੇਸ਼ਤਾਵਾਂ

1. **ਧਾਰਮਿਕ ਅਧਿਐਨ:** ਨਿਰਮਲੇ ਸੰਪਰਦਾ ਦੇ ਸਾਧੂ ਸੰਸਕ੍ਰਿਤ, ਗੁਰਮੁਖੀ ਅਤੇ ਹੋਰ ਭਾਸ਼ਾਵਾਂ ਵਿਚ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦੇ ਹਨ।
2. **ਸੰਸਕ੍ਰਿਤ ਗ੍ਰੰਥਾਂ ਦੀ ਵਿਅਖਿਆ:** ਇਹ ਸੰਪਰਦਾ ਵਿਦਵਾਨ ਸੰਸਕ੍ਰਿਤ ਗ੍ਰੰਥਾਂ ਅਤੇ ਸਿੱਖ ਗ੍ਰੰਥਾਂ ਦੀ ਗਹਿਰੀ ਸਮਝ ਰਖਦੇ ਹਨ।
3. **ਬ੍ਰਹਮ ਗਿਆਨ:** ਨਿਰਮਲੇ ਆਤਮਕ ਉੱਚਾਈ, ਸੰਯਮ, ਅਤੇ ਧਿਆਨ ਨੂੰ ਮਹੱਤਵ ਦਿੰਦੇ ਹਨ।
4. **ਗੰਭੀਰ ਜੀਵਨ ਸ਼ੈਲੀ:** ਨਿਰਮਲੇ ਸੰਤ ਆਮ ਤੌਰ 'ਤੇ ਵੈਰਾਗੀ ਜੀਵਨ ਜਿਊਂਦੇ ਹਨ, ਅਤੇ ਗਹਿਰੀ ਆਤਮਿਕਤਾ ਵਾਲੀ ਜੀਵਨਸ਼ੈਲੀ ਰੱਖਦੇ ਹਨ।

ਨਿਰਮਲ ਸੰਪਰਦਾ ਨੇ ਸਿੱਖ ਧਰਮ ਵਿੱਚ ਵਿਦਿਆ, ਤੱਤ ਗਿਆਨ ਅਤੇ ਸੰਸਕ੍ਰਿਤ ਭਾਸ਼ਾ ਰਾਹੀਂ ਗਹਿਰੀ ਆਤਮਿਕਤਾ ਨੂੰ ਵਧਾਵਾ ਦਿੱਤਾ। ਇਹ ਸੰਪਰਦਾ ਅੱਜ ਵੀ ਸਿੱਖ ਧਰਮ ਦੀਆਂ ਆਤਮਿਕ ਅਤੇ ਗਿਆਤਮਿਕ ਜੜ੍ਹਾਂ ਨੂੰ ਮਜ਼ਬੂਤ ਕਰ ਰਹੀ ਹੈ। ।ਨਿਰਮਲ ਸੰਪਰਦਾ ਦੀ ਅਨੁਸ਼ਾਸਨਾਂ ਇੱਕ ਐਸੀ ਆਤਮਕ ਜੀਵਨ ਰਾਹੀ ਹੈ ਜੋ ਵੈਰਾਗ, ਗਿਆਨ, ਨਿਮਰਤਾ, ਅਤੇ ਧਾਰਮਿਕ ਸੰਯਮ 'ਤੇ ਅਧਾਰਿਤ ਹੈ। ਇਹ ਸੰਪਰਦਾ ਸਿੱਖ ਧਰਮ ਵਿਚ ਗਹਿਰਾਈ ਨਾਲ ਗਿਆਨ ਅਤੇ ਆਤਮਿਕ ਉਤਸੁਕਤਾ ਨੂੰ ਪੈਦਾ ਕਰਨ ਵਾਲੀ ਹੈ।

## ਹਵਾਲੇ


1. ਅਮ੍ਰਿਤ ਕੀਰਤਨ ਗੁਟਕਾ, ਪੰਨਾ 243
2. ਪ੍ਰੀਤਮ ਸਿੰਘ (ਸੰਪਾ.), ਨਰਿਮਲ ਸੰਪ੍ਰਦਾਇ, ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ59